Take your cleansing bath in the dust of the feet of the Holy.

ਸਾਧ ਊਪਰਿ ਜਾਈਐ ਕੁਰਬਾਨੁ ॥
saaDh oopar jaa-ee-ai kurbaan.
To the Holy, make your life a sacrifice.

ਸਾਧ ਸੇਵਾ ਵਡਭਾਗੀ ਪਾਈਐ ॥
saaDh sayvaa vadbhaagee paa-ee-ai.
Service to the Holy is obtained by great good fortune.

ਸਾਧਸੰਗਿ ਹਰਿ ਕੀਰਤਨੁ ਗਾਈਐ ॥
saaDhsang har keertan gaa-ee-ai.
In the Saadh Sangat, the Company of the Holy, the Kirtan of the Lord's Praise is sung.

ਅਨਿਕ ਬਿਘਨ ਤੇ ਸਾਧੂ ਰਾਖੈ ॥
anik bighan tay saaDhoo raakhai.
From all sorts of dangers, the Saint saves us.

ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥
har gun gaa-ay amrit ras chaakhai.
Singing the Glorious Praises of the Lord, we taste the ambrosial essence.

ਓਟ ਗਹੀ ਸੰਤਹ ਦਰਿ ਆਇਆ ॥
ot gahee santeh dar aa-i-aa.
Seeking the Protection of the Saints, we have come to their door.

ਸਰਬ ਸੂਖ ਨਾਨਕ ਤਿਹ ਪਾਇਆ ॥੬॥
sarab sookh naanak tih paa-i-aa. ||6||
All comforts, O Nanak, are so obtained. ||6||

ਮਿਰਤਕ ਕਉ ਜੀਵਾਲਨਹਾਰ ॥
mirtak ka-o jeevaalanhaar.
He infuses life back into the dead.

ਭੂਖੇ ਕਉ ਦੇਵਤ ਅਧਾਰ ॥
bhookhay ka-o dayvat aDhaar.
He gives food to the hungry.

ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥
sarab niDhaan jaa kee daristee maahi.
All treasures are within His Glance of Grace.

ਪੁਰਬ ਲਿਖੇ ਕਾ ਲਹਣਾ ਪਾਹਿ ॥
purab likhay kaa lahnaa paahi.
People obtain that which they are pre-ordained to receive.

ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥
sabh kichh tis kaa oh karnai jog.
All things are His; He is the Doer of all.

ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥
tis bin doosar ho-aa na hog.
Other than Him, there has never been any other, and there shall never be.

ਜਪਿ ਜਨ ਸਦਾ ਸਦਾ ਦਿਨੁ ਰੈਣੀ ॥
jap jan sadaa sadaa din rainee.
Meditate on Him forever and ever, day and night.

ਸਭ ਤੇ ਊਚ ਨਿਰਮਲ ਇਹ ਕਰਣੀ ॥
sabh tay ooch nirmal ih karnee.
This way of life is exalted and immaculate.

ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥
kar kirpaa jis ka-o naam dee-aa.
One whom the Lord, in His Grace, blesses with His Name

ਨਾਨਕ ਸੋ ਜਨੁ ਨਿਰਮਲੁ ਥੀਆ ॥੭॥
naanak so jan nirmal thee-aa. ||7||
- O Nanak, that person becomes immaculate and pure. ||7||

ਜਾ ਕੈ ਮਨਿ ਗੁਰ ਕੀ ਪਰਤੀਤਿ ॥
jaa kai man gur kee parteet.
One who has faith in the Guru in his mind

ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
tis jan aavai har parabh cheet.
comes to dwell upon the Lord God.

ਭਗਤੁ ਭਗਤੁ ਸੁਨੀਐ ਤਿਹੁ ਲੋਇ ॥
bhagat bhagat sunee-ai tihu lo-ay.
He is acclaimed as a devotee, a humble devotee throughout the three worlds.

ਜਾ ਕੈ ਹਿਰਦੈ ਏਕੋ ਹੋਇ ॥
jaa kai hirdai ayko ho-ay.
The One Lord is in his heart.

ਸਚੁ ਕਰਣੀ ਸਚੁ ਤਾ ਕੀ ਰਹਤ ॥
sach karnee sach taa kee rahat.
True are his actions; true are his ways.

ਸਚੁ ਹਿਰਦੈ ਸਤਿ ਮੁਖਿ ਕਹਤ ॥
sach hirdai sat mukh kahat.
True is his heart; Truth is what he speaks with his mouth.

ਸਾਚੀ ਦ੍ਰਿਸਟਿ ਸਾਚਾ ਆਕਾਰੁ ॥
saachee darisat saachaa aakaar.
True is his vision; true is his form.

ਸਚੁ ਵਰਤੈ ਸਾਚਾ ਪਾਸਾਰੁ ॥
sach vartai saachaa paasaar.
He distributes Truth and he spreads Truth.

ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥
paarbarahm jin sach kar jaataa.
One who recognizes the Supreme Lord God as True

ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥
naanak so jan sach samaataa. ||8||15||
- O Nanak, that humble being is absorbed into the True One. ||8||15||

ਸਲੋਕੁ ॥
salok.
Shalok:

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
roop na raykh na rang kichh tarihu gun tay parabh bhinn.
He has no form, no shape, no color; God is beyond the three qualities.

ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥
tiseh bujhaa-ay naankaa jis hovai suparsan. ||1||
They alone understand Him, O Nanak, with whom He is pleased. ||1||

ਅਸਟਪਦੀ ॥
asatpadee.
Ashtapadee:

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥
abhinaasee parabh man meh raakh.
Keep the Immortal Lord God enshrined within your mind.

ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥
maanukh kee too pareet ti-aag.
Renounce your love and attachment to people.

ਤਿਸ ਤੇ ਪਰੈ ਨਾਹੀ ਕਿਛੁ ਕੋਇ ॥
tis tay parai naahee kichh ko-ay.
Beyond Him, there is nothing at all.

ਸਰਬ ਨਿਰੰਤਰਿ ਏਕੋ ਸੋਇ ॥
sarab nirantar ayko so-ay.
The One Lord is pervading among all.

ਆਪੇ ਬੀਨਾ ਆਪੇ ਦਾਨਾ ॥
aapay beenaa aapay daanaa.
He Himself is All-seeing; He Himself is All-knowing,

ਗਹਿਰ ਗੰਭੀਰੁ ਗਹੀਰੁ ਸੁਜਾਨਾ ॥
gahir gambheer gaheer sujaanaa.
Unfathomable, Profound, Deep and All-knowing.

ਪਾਰਬ੍ਰਹਮ ਪਰਮੇਸੁਰ ਗੋਬਿੰਦ ॥
paarbarahm parmaysur gobind.
He is the Supreme Lord God, the Transcendent Lord, the Lord of the Universe,

ਕ੍ਰਿਪਾ ਨਿਧਾਨ ਦਇਆਲ ਬਖਸੰਦ ॥
kirpaa niDhaan da-i-aal bakhsand.
the Treasure of mercy, compassion and forgiveness.

ਸਾਧ ਤੇਰੇ ਕੀ ਚਰਨੀ ਪਾਉ ॥
saaDh tayray kee charnee paa-o.
To fall at the Feet of Your Holy Beings

ਨਾਨਕ ਕੈ ਮਨਿ ਇਹੁ ਅਨਰਾਉ ॥੧॥
naanak kai man ih anraa-o. ||1||
- this is the longing of Nanak's mind. ||1||

ਮਨਸਾ ਪੂਰਨ ਸਰਨਾ ਜੋਗ ॥
mansaa pooran sarnaa jog.
He is the Fulfiller of wishes, who can give us Sanctuary;

ਜੋ ਕਰਿ ਪਾਇਆ ਸੋਈ ਹੋਗੁ ॥
jo kar paa-i-aa so-ee hog.
that which He has written, comes to pass.

ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥
haran bharan jaa kaa naytar for.
He destroys and creates in the twinkling of an eye.

ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥
tis kaa mantar na jaanai hor.
No one else knows the mystery of His ways.

ਅਨਦ ਰੂਪ ਮੰਗਲ ਸਦ ਜਾ ਕੈ ॥
anad roop mangal sad jaa kai.
He is the embodiment of ecstasy and everlasting joy.

ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥
sarab thok sunee-ah ghar taa kai.
I have heard that all things are in His home.

ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
raaj meh raaj jog meh jogee.
Among kings, He is the King; among yogis, He is the Yogi.

ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥
tap meh tapeesar garihsat meh bhogee.
Among ascetics, He is the Ascetic; among householders, He is the Enjoyer.

ਧਿਆਇ ਧਿਆਇ ਭਗਤਹ ਸੁਖੁ ਪਾਇਆ ॥
Dhi-aa-ay Dhi-aa-ay bhagtah sukh paa-i-aa.
By constant meditation, His devotee finds peace.

ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥
naanak tis purakh kaa kinai ant na paa-i-aa. ||2||
O Nanak, no one has found the limits of that Supreme Being. ||2||

ਜਾ ਕੀ ਲੀਲਾ ਕੀ ਮਿਤਿ ਨਾਹਿ ॥
jaa kee leelaa kee mit naahi.
There is no limit to His play.

ਸਗਲ ਦੇਵ ਹਾਰੇ ਅਵਗਾਹਿ ॥
sagal dayv haaray avgaahi.
All the demigods have grown weary of searching for it.

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
pitaa kaa janam ke jaanai poot.
What does the son know of his father's birth?

ਸਗਲ ਪਰੋਈ ਅਪੁਨੈ ਸੂਤਿ ॥
sagal paro-ee apunai soot.
All are strung upon His string.

ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
sumat gi-aan Dhi-aan jin day-ay. jan daas naam Dhi-aavahi say-ay.
He bestows good sense, spiritual wisdom and meditation on His humble servants and slaves who meditate on the Naam.

ਤਿਹੁ ਗੁਣ ਮਹਿ ਜਾ ਕਉ ਭਰਮਾਏ ॥
tihu gun meh jaa ka-o bharmaa-ay.
He leads some astray in the three qualities;

ਜਨਮਿ ਮਰੈ ਫਿਰਿ ਆਵੈ ਜਾਏ ॥
janam marai fir aavai jaa-ay.
they are born and die, coming and going over and over again.

ਊਚ ਨੀਚ ਤਿਸ ਕੇ ਅਸਥਾਨ ॥
ooch neech tis kay asthaan.
The high and the low are His places.

ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥
jaisaa janaavai taisaa naanak jaan. ||3||
As He inspires us to know Him, O Nanak, so is He known. ||3||

ਨਾਨਾ ਰੂਪ ਨਾਨਾ ਜਾ ਕੇ ਰੰਗ ॥
naanaa roop naanaa jaa kay rang.
Many are His forms; many are His colors.

ਨਾਨਾ ਭੇਖ ਕਰਹਿ ਇਕ ਰੰਗ ॥
naanaa bhaykh karahi ik rang.
Many are the appearances which He assumes, and yet He is still the One.

ਨਾਨਾ ਬਿਧਿ ਕੀਨੋ ਬਿਸਥਾਰੁ ॥
naanaa biDh keeno bisthaar.
In so many ways, He has extended Himself.

ਪ੍ਰਭੁ ਅਬਿਨਾਸੀ ਏਕੰਕਾਰੁ ॥
parabh abhinaasee aykankaar.
The Eternal Lord God is the One, the Creator.

ਨਾਨਾ ਚਲਿਤ ਕਰੇ ਖਿਨ ਮਾਹਿ ॥
naanaa chalit karay khin maahi.
He performs His many plays in an instant.

ਪੂਰਿ ਰਹਿਓ ਪੂਰਨੁ ਸਭ ਠਾਇ ॥
poor rahi-o pooran sabh thaa-ay.
The Perfect Lord is pervading all places.

ਨਾਨਾ ਬਿਧਿ ਕਰਿ ਬਨਤ ਬਨਾਈ ॥
naanaa biDh kar banat banaa-ee.
In so many ways, He created the creation.

ਅਪਨੀ ਕੀਮਤਿ ਆਪੇ ਪਾਈ ॥
apnee keemat aapay paa-ee.
He alone can estimate His worth.

ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥
sabh ghat tis kay sabh tis kay thaa-o.
All hearts are His, and all places are His.

ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥
jap jap jeevai naanak har naa-o. ||4||
Nanak lives by chanting, chanting the Name of the Lord. ||4||

ਨਾਮ ਕੇ ਧਾਰੇ ਸਗਲੇ ਜੰਤ ॥
naam kay Dhaaray saglay jant.
The Naam is the Support of all creatures.

ਨਾਮ ਕੇ ਧਾਰੇ ਖੰਡ ਬ੍ਰਹਮੰਡ ॥
naam kay Dhaaray khand barahmand.
The Naam is the Support of the earth and solar systems.

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
naam kay Dhaaray simrit bayd puraan.
The Naam is the Support of the Simritees, the Vedas and the Puraanas.

ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
naam kay Dhaaray sunan gi-aan Dhi-aan.
The Naam is the Support by which we hear of spiritual wisdom and meditation.

ਨਾਮ ਕੇ ਧਾਰੇ ਆਗਾਸ ਪਾਤਾਲ ॥
naam kay Dhaaray aagaas paataal.
The Naam is the Support of the Akaashic ethers and the nether regions.

ਨਾਮ ਕੇ ਧਾਰੇ ਸਗਲ ਆਕਾਰ ॥
naam kay Dhaaray sagal aakaar.
The Naam is the Support of all bodies.

ਨਾਮ ਕੇ ਧਾਰੇ ਪੁਰੀਆ ਸਭ ਭਵਨ ॥
naam kay Dhaaray puree-aa sabh bhavan.
The Naam is the Support of all worlds and realms.

ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
naam kai sang uDhray sun sarvan.
Associating with the Naam, listening to it with the ears, one is saved.

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
kar kirpaa jis aapnai naam laa-ay.
Those whom the Lord mercifully attaches to His Naam

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥
naanak cha-uthay pad meh so jan gat paa-ay. ||5||
- O Nanak, in the fourth state, those humble servants attain salvation. ||5||

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥
roop sat jaa kaa sat asthaan.
His form is true, and true is His place.

ਪੁਰਖੁ ਸਤਿ ਕੇਵਲ ਪਰਧਾਨੁ ॥
purakh sat kayval parDhaan.
His personality is true - He alone is supreme.

ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥
kartoot sat sat jaa kee banee.
His acts are true, and true is His Word.

ਸਤਿ ਪੁਰਖ ਸਭ ਮਾਹਿ ਸਮਾਣੀ ॥
sat purakh sabh maahi samaanee.
The True Lord is permeating all.

ਸਤਿ ਕਰਮੁ ਜਾ ਕੀ ਰਚਨਾ ਸਤਿ ॥
sat karam jaa kee rachnaa sat.
True are His actions; His creation is true.

ਮੂਲੁ ਸਤਿ ਸਤਿ ਉਤਪਤਿ ॥
mool sat sat utpat.
His root is true, and true is what originates from it.

ਸਤਿ ਕਰਣੀ ਨਿਰਮਲ ਨਿਰਮਲੀ ॥
sat karnee nirmal nirmalee.
True is His lifestyle, the purest of the pure.

ਜਿਸਹਿ ਬੁਝਾਏ ਤਿਸਹਿ ਸਭ ਭਲੀ ॥
jisahi bujhaa-ay tiseh sabh bhalee.
All goes well for those who know Him.

ਸਤਿ ਨਾਮੁ ਪ੍ਰਭ ਕਾ ਸੁਖਦਾਈ ॥
sat naam parabh kaa sukh-daa-ee.
The True Name of God is the Giver of peace.

ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥
bisvaas sat naanak gur tay paa-ee. ||6||
Nanak has obtained true faith from the Guru. ||6||

ਸਤਿ ਬਚਨ ਸਾਧੂ ਉਪਦੇਸ ॥
sat bachan saaDhoo updays.
True are the Teachings, and the Instructions of the Holy.

ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥
sat tay jan jaa kai ridai parvays.
True are those into whose hearts He enters.

ਸਤਿ ਨਿਰਤਿ ਬੂਝੈ ਜੇ ਕੋਇ ॥
sat nirat boojhai jay ko-ay.
One who knows and loves the Truth

ਨਾਮੁ ਜਪਤ ਤਾ ਕੀ ਗਤਿ ਹੋਇ ॥
naam japat taa kee gat ho-ay.
- chanting the Naam, he obtains salvation.

ਆਪਿ ਸਤਿ ਕੀਆ ਸਭੁ ਸਤਿ ॥
aap sat kee-aa sabh sat.
He Himself is True, and all that He has made is true.

ਆਪੇ ਜਾਨੈ ਅਪਨੀ ਮਿਤਿ ਗਤਿ ॥
aapay jaanai apnee mit gat.
He Himself knows His own state and condition.

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥
jis kee sarisat so karnaihaar.
He is the Creator Lord of His world.

ਅਵਰ ਨ ਬੂਝਿ ਕਰਤ ਬੀਚਾਰੁ ॥
avar na boojh karat beechaar.
No one else understands Him, although they may try.

ਕਰਤੇ ਕੀ ਮਿਤਿ ਨ ਜਾਨੈ ਕੀਆ ॥
kartay kee mit na jaanai kee-aa.
The created cannot know the extent of the Creator.

ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥
naanak jo tis bhaavai so vartee-aa. ||7||
O Nanak, whatever pleases Him comes to pass. ||7||

ਬਿਸਮਨ ਬਿਸਮ ਭਏ ਬਿਸਮਾਦ ॥
bisman bisam bha-ay bismaad.
Gazing upon His wondrous wonder, I am wonder-struck and amazed!

ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥
jin boojhi-aa tis aa-i-aa savaad.
One who realizes this, comes to taste this state of joy.

ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥
parabh kai rang raach jan rahay.
God's humble servants remain absorbed in His Love.

ਗੁਰ ਕੈ ਬਚਨਿ ਪਦਾਰਥ ਲਹੇ ॥
gur kai bachan padaarath lahay.
Following the Guru's Teachings, they receive the four cardinal blessings.

ਓਇ ਦਾਤੇ ਦੁਖ ਕਾਟਨਹਾਰ ॥
o-ay daatay dukh kaatanhaar.
They are the givers, the dispellers of pain.

ਜਾ ਕੈ ਸੰਗਿ ਤਰੈ ਸੰਸਾਰ ॥
jaa kai sang tarai sansaar.
In their company, the world is saved.

ਜਨ ਕਾ ਸੇਵਕੁ ਸੋ ਵਡਭਾਗੀ ॥
jan kaa sayvak so vadbhaagee.
The slave of the Lord's servant is so very blessed.

ਜਨ ਕੈ ਸੰਗਿ ਏਕ ਲਿਵ ਲਾਗੀ ॥
jan kai sang ayk liv laagee.
In the company of His servant, one becomes attached to the Love of the One.

ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥
gun gobid keertan jan gaavai.
His humble servant sings the Kirtan, the songs of the glory of God.

ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥
gur parsaad naanak fal paavai. ||8||16||
By Guru's Grace, O Nanak, he receives the fruits of his rewards. ||8||16||

ਸਲੋਕੁ ॥
salok.
Shalok:

ਆਦਿ ਸਚੁ ਜੁਗਾਦਿ ਸਚੁ ॥
aad sach jugaad sach.
True in the beginning, True throughout the ages,

ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥
hai bhe sach naanak hosee bhe sach. ||1||
True here and now. O Nanak, He shall forever be True. ||1||

ਅਸਟਪਦੀ ॥
asatpadee.
Ashtapadee:

ਚਰਨ ਸਤਿ ਸਤਿ ਪਰਸਨਹਾਰ ॥
charan sat sat parsanhaar.
His Lotus Feet are True, and True are those who touch Them.

ਪੂਜਾ ਸਤਿ ਸਤਿ ਸੇਵਦਾਰ ॥
poojaa sat sat sayvdaar.
His devotional worship is True, and True are those who worship Him.

ਦਰਸਨੁ ਸਤਿ ਸਤਿ ਪੇਖਨਹਾਰ ॥
darsan sat sat paykhanhaar.
The Blessing of His Vision is True, and True are those who behold it.

ਨਾਮੁ ਸਤਿ ਸਤਿ ਧਿਆਵਨਹਾਰ ॥
naam sat sat Dhi-aavanhaar.
His Naam is True, and True are those who meditate on it.

ਆਪਿ ਸਤਿ ਸਤਿ ਸਭ ਧਾਰੀ ॥
aap sat sat sabh Dhaaree.
He Himself is True, and True is all that He sustains.

ਆਪੇ ਗੁਣ ਆਪੇ ਗੁਣਕਾਰੀ ॥
aapay gun aapay gunkaaree.
He Himself is virtuous goodness, and He Himself is the Bestower of virtue.

ਸਬਦੁ ਸਤਿ ਸਤਿ ਪ੍ਰਭੁ ਬਕਤਾ ॥
sabad sat sat parabh baktaa.
The Word of His Shabad is True, and True are those who speak of God.

ਸੁਰਤਿ ਸਤਿ ਸਤਿ ਜਸੁ ਸੁਨਤਾ ॥
surat sat sat jas suntaa.
Those ears are True, and True are those who listen to His Praises.

ਬੁਝਨਹਾਰ ਕਉ ਸਤਿ ਸਭ ਹੋਇ ॥
bujhanhaar ka-o sat sabh ho-ay.
All is True to one who understands.

ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥
naanak sat sat parabh so-ay. ||1||
O Nanak, True, True is He, the Lord God. ||1||

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
sat saroop ridai jin maani-aa.
One who believes in the Embodiment of Truth with all his heart

ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
karan karaavan tin mool pachhaani-aa.
recognizes the Cause of causes as the Root of all.

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
jaa kai ridai bisvaas parabh aa-i-aa.
One whose heart is filled with faith in God

ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
tat gi-aan tis man paragtaa-i-aa.
- the essence of spiritual wisdom is revealed to his mind.

ਭੈ ਤੇ ਨਿਰਭਉ ਹੋਇ ਬਸਾਨਾ ॥
bhai tay nirbha-o ho-ay basaanaa.
Coming out of fear, he comes to live without fear.

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
jis tay upji-aa tis maahi samaanaa.
He is absorbed into the One, from whom he originated.

ਬਸਤੁ ਮਾਹਿ ਲੇ ਬਸਤੁ ਗਡਾਈ ॥
basat maahi lay basat gadaa-ee.
When something blends with its own,

ਤਾ ਕਉ ਭਿੰਨ ਨ ਕਹਨਾ ਜਾਈ ॥
taa ka-o bhinn na kahnaa jaa-ee.
it cannot be said to be separate from it.

ਬੂਝੈ ਬੂਝਨਹਾਰੁ ਬਿਬੇਕ ॥
boojhai boojhanhaar bibayk.
This is understood only by one of discerning understanding.

ਨਾਰਾਇਨ ਮਿਲੇ ਨਾਨਕ ਏਕ ॥੨॥
naaraa-in milay naanak ayk. ||2||
Meeting with the Lord, O Nanak, he becomes one with Him. ||2||

ਠਾਕੁਰ ਕਾ ਸੇਵਕੁ ਆਗਿਆਕਾਰੀ ॥
thaakur kaa sayvak aagi-aakaaree.
The servant is obedient to his Lord and Master.

ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥
thaakur kaa sayvak sadaa poojaaree.
The servant worships his Lord and Master forever.

ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
thaakur kay sayvak kai man parteet.
The servant of the Lord Master has faith in his mind.

ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥
thaakur kay sayvak kee nirmal reet.
The servant of the Lord Master lives a pure lifestyle.

ਠਾਕੁਰ ਕਉ ਸੇਵਕੁ ਜਾਨੈ ਸੰਗਿ ॥
thaakur ka-o sayvak jaanai sang.
The servant of the Lord Master knows that the Lord is with him.

ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥
parabh kaa sayvak naam kai rang.
God's servant is attuned to the Naam, the Name of the Lord.

ਸੇਵਕ ਕਉ ਪ੍ਰਭ ਪਾਲਨਹਾਰਾ ॥
sayvak ka-o parabh paalanhaaraa.
God is the Cherisher of His servant.

ਸੇਵਕ ਕੀ ਰਾਖੈ ਨਿਰੰਕਾਰਾ ॥
sayvak kee raakhai nirankaaraa.
The Formless Lord preserves His servant.

ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
so sayvak jis da-i-aa parabh Dhaarai.
Unto His servant, God bestows His Mercy.

ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥
naanak so sayvak saas saas samaarai. ||3||
O Nanak, that servant remembers Him with each and every breath. ||3||

ਅਪੁਨੇ ਜਨ ਕਾ ਪਰਦਾ ਢਾਕੈ ॥
apunay jan kaa pardaa dhaakai.
He covers the faults of His servant.

ਅਪਨੇ ਸੇਵਕ ਕੀ ਸਰਪਰ ਰਾਖੈ ॥
apnay sayvak kee sarpar raakhai.
He surely preserves the honor of His servant.

ਅਪਨੇ ਦਾਸ ਕਉ ਦੇਇ ਵਡਾਈ ॥
apnay daas ka-o day-ay vadaa-ee.
He blesses His slave with greatness.

ਅਪਨੇ ਸੇਵਕ ਕਉ ਨਾਮੁ ਜਪਾਈ ॥
apnay sayvak ka-o naam japaa-ee.
He inspires His servant to chant the Naam, the Name of the Lord.

ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥
apnay sayvak kee aap pat raakhai.
He Himself preserves the honor of His servant.

ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥
taa kee gat mit ko-ay na laakhai.
No one knows His state and extent.

ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥
parabh kay sayvak ka-o ko na pahoochai.
No one is equal to the servant of God.

ਪ੍ਰਭ ਕੇ ਸੇਵਕ ਊਚ ਤੇ ਊਚੇ ॥
parabh kay sayvak ooch tay oochay.
The servant of God is the highest of the high.

ਜੋ ਪ੍ਰਭਿ ਅਪਨੀ ਸੇਵਾ ਲਾਇਆ ॥
jo parabh apnee sayvaa laa-i-aa.
One whom God applies to His own service, O Nanak

ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥
naanak so sayvak dah dis paragtaa-i-aa. ||4||
- that servant is famous in the ten directions. ||4||

ਨੀਕੀ ਕੀਰੀ ਮਹਿ ਕਲ ਰਾਖੈ ॥
neekee keeree meh kal raakhai.
He infuses His Power into the tiny ant;

ਭਸਮ ਕਰੈ ਲਸਕਰ ਕੋਟਿ ਲਾਖੈ ॥
bhasam karai laskar kot laakhai.
it can then reduce the armies of millions to ashes

ਜਿਸ ਕਾ ਸਾਸੁ ਨ ਕਾਢਤ ਆਪਿ ॥
jis kaa saas na kaadhat aap.
Those whose breath of life He Himself does not take away

ਤਾ ਕਉ ਰਾਖਤ ਦੇ ਕਰਿ ਹਾਥ ॥
taa ka-o raakhat day kar haath.
- He preserves them, and holds out His Hands to protect them.

ਮਾਨਸ ਜਤਨ ਕਰਤ ਬਹੁ ਭਾਤਿ ॥
maanas jatan karat baho bhaat.
You may make all sorts of efforts,

ਤਿਸ ਕੇ ਕਰਤਬ ਬਿਰਥੇ ਜਾਤਿ ॥
tis kay kartab birthay jaat.
but these attempts are in vain.

ਮਾਰੈ ਨ ਰਾਖੈ ਅਵਰੁ ਨ ਕੋਇ ॥
maarai na raakhai avar na ko-ay.
No one else can kill or preserve

ਸਰਬ ਜੀਆ ਕਾ ਰਾਖਾ ਸੋਇ ॥
sarab jee-aa kaa raakhaa so-ay.
- He is the Protector of all beings.

ਕਾਹੇ ਸੋਚ ਕਰਹਿ ਰੇ ਪ੍ਰਾਣੀ ॥
kaahay soch karahi ray paraanee.
So why are you so anxious, O mortal?

ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥
jap naanak parabh alakh vidaanee. ||5||
Meditate, O Nanak, on God, the invisible, the wonderful! ||5||

ਬਾਰੰ ਬਾਰ ਬਾਰ ਪ੍ਰਭੁ ਜਪੀਐ ॥
baara^N baar baar parabh japee-ai.
Time after time, again and again, meditate on God.

ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
pee amrit ih man tan Dharpee-ai.
Drinking in this Nectar, this mind and body are satisfied.

ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥
naam ratan jin gurmukh paa-i-aa.
The jewel of the Naam is obtained by the Gurmukhs;

ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥
tis kichh avar naahee daristaa-i-aa.
they see no other than God.

ਨਾਮੁ ਧਨੁ ਨਾਮੋ ਰੂਪੁ ਰੰਗੁ ॥
naam Dhan naamo roop rang.
Unto them, the Naam is wealth, the Naam is beauty and delight.

ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥
naamo sukh har naam kaa sang.
The Naam is peace, the Lord's Name is their companion.

ਨਾਮ ਰਸਿ ਜੋ ਜਨ ਤ੍ਰਿਪਤਾਨੇ ॥
naam ras jo jan tariptaanay.
Those who are satisfied by the essence of the Naam

ਮਨ ਤਨ ਨਾਮਹਿ ਨਾਮਿ ਸਮਾਨੇ ॥
man tan naameh naam samaanay.
- their minds and bodies are drenched with the Naam.

ਊਠਤ ਬੈਠਤ ਸੋਵਤ ਨਾਮ ॥
oothat baithat sovat naam.
While standing up, sitting down and sleeping, the Naam,

ਕਹੁ ਨਾਨਕ ਜਨ ਕੈ ਸਦ ਕਾਮ ॥੬॥
kaho naanak jan kai sad kaam. ||6||
says Nanak, is forever the occupation of God's humble servant. ||6||

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥
bolhu jas jihbaa din raat.
Chant His Praises with your tongue, day and night.

ਪ੍ਰਭਿ ਅਪਨੈ ਜਨ ਕੀਨੀ ਦਾਤਿ ॥
parabh apnai jan keenee daat.
God Himself has given this gift to His servants.

ਕਰਹਿ ਭਗਤਿ ਆਤਮ ਕੈ ਚਾਇ ॥
karahi bhagat aatam kai chaa-ay.
Performing devotional worship with heart-felt love,

ਪ੍ਰਭ ਅਪਨੇ ਸਿਉ ਰਹਹਿ ਸਮਾਇ ॥
parabh apnay si-o raheh samaa-ay.
they remain absorbed in God Himself.

ਜੋ ਹੋਆ ਹੋਵਤ ਸੋ ਜਾਨੈ ॥
jo ho-aa hovat so jaanai.
They know the past and the present.

ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥
parabh apnay kaa hukam pachhaanai.
They recognize God's Own Command.

ਤਿਸ ਕੀ ਮਹਿਮਾ ਕਉਨ ਬਖਾਨਉ ॥
tis kee mahimaa ka-un bakhaana-o.
Who can describe His Glory?

ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥
tis kaa gun kahi ayk na jaan-o.
I cannot describe even one of His virtuous qualities.

ਆਠ ਪਹਰ ਪ੍ਰਭ ਬਸਹਿ ਹਜੂਰੇ ॥
aath pahar parabh baseh hajooray.
Those who dwell in God's Presence, twenty-four hours a day

ਕਹੁ ਨਾਨਕ ਸੇਈ ਜਨ ਪੂਰੇ ॥੭॥
kaho naanak say-ee jan pooray. ||7||
- says Nanak, they are the perfect persons. ||7||

ਮਨ ਮੇਰੇ ਤਿਨ ਕੀ ਓਟ ਲੇਹਿ ॥
man mayray tin kee ot layhi.
O my mind, seek their protection;

ਮਨੁ ਤਨੁ ਅਪਨਾ ਤਿਨ ਜਨ ਦੇਹਿ ॥
man tan apnaa tin jan deh.
give your mind and body to those humble beings.

ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥
jin jan apnaa parabhoo pachhaataa.
Those humble beings who recognizes God

ਸੋ ਜਨੁ ਸਰਬ ਥੋਕ ਕਾ ਦਾਤਾ ॥
so jan sarab thok kaa daataa.
are the givers of all things.

ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥
tis kee saran sarab sukh paavahi.
In His Sanctuary, all comforts are obtained.

ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥
tis kai daras sabh paap mitaaveh.
By the Blessing of His Darshan, all sins are erased.

ਅਵਰ ਸਿਆਨਪ ਸਗਲੀ ਛਾਡੁ ॥
avar si-aanap saglee chhaad.
So renounce all other clever devices,

ਤਿਸੁ ਜਨ ਕੀ ਤੂ ਸੇਵਾ ਲਾਗੁ ॥
tis jan kee too sayvaa laag.
and enjoin yourself to the service of those servants.

ਆਵਨੁ ਜਾਨੁ ਨ ਹੋਵੀ ਤੇਰਾ ॥
aavan jaan na hovee tayraa.
Your comings and goings shall be ended.

ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥
naanak tis jan kay poojahu sad pairaa. ||8||17||
O Nanak, worship the feet of God's humble servants forever. ||8||17||

ਸਲੋਕੁ ॥
salok.
Shalok:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
sat purakh jin jaani-aa satgur tis kaa naa-o.
The one who knows the True Lord God, is called the True Guru.

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥
tis kai sang sikh uDhrai naanak har gun gaa-o. ||1||
In His Company, the Sikh is saved, O Nanak, singing the Glorious Praises of the Lord. ||1||

ਅਸਟਪਦੀ ॥
asatpadee.
Ashtapadee:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
satgur sikh kee karai partipaal.
The True Guru cherishes His Sikh.

ਸੇਵਕ ਕਉ ਗੁਰੁ ਸਦਾ ਦਇਆਲ ॥
sayvak ka-o gur sadaa da-i-aal.
The Guru is always merciful to His servant.

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
sikh kee gur durmat mal hirai.
The Guru washes away the filth of the evil intellect of His Sikh.

ਗੁਰ ਬਚਨੀ ਹਰਿ ਨਾਮੁ ਉਚਰੈ ॥
gur bachnee har naam uchrai.
Through the Guru's Teachings, he chants the Lord's Name.

ਸਤਿਗੁਰੁ ਸਿਖ ਕੇ ਬੰਧਨ ਕਾਟੈ ॥
satgur sikh kay banDhan kaatai.
The True Guru cuts away the bonds of His Sikh.

ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
gur kaa sikh bikaar tay haatai.
The Sikh of the Guru abstains from evil deeds.

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
satgur sikh ka-o naam Dhan day-ay.
The True Guru gives His Sikh the wealth of the Naam.

ਗੁਰ ਕਾ ਸਿਖੁ ਵਡਭਾਗੀ ਹੇ ॥
gur kaa sikh vadbhaagee hay.
The Sikh of the Guru is very fortunate.

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
satgur sikh kaa halat palat savaarai.
The True Guru arranges this world and the next for His Sikh.

ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥
naanak satgur sikh ka-o jee-a naal samaarai. ||1||
O Nanak, with the fullness of His heart, the True Guru mends His Sikh. ||1||

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
gur kai garihi sayvak jo rahai.
That selfless servant, who lives in the Guru's household,

ਗੁਰ ਕੀ ਆਗਿਆ ਮਨ ਮਹਿ ਸਹੈ ॥
gur kee aagi-aa man meh sahai.
is to obey the Guru's Commands with all his mind.

ਆਪਸ ਕਉ ਕਰਿ ਕਛੁ ਨ ਜਨਾਵੈ ॥
aapas ka-o kar kachh na janaavai.
He is not to call attention to himself in any way.

ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
har har naam ridai sad Dhi-aavai.
He is to meditate constantly within his heart on the Name of the Lord.

ਮਨੁ ਬੇਚੈ ਸਤਿਗੁਰ ਕੈ ਪਾਸਿ ॥
man baychai satgur kai paas.
One who sells his mind to the True Guru

ਤਿਸੁ ਸੇਵਕ ਕੇ ਕਾਰਜ ਰਾਸਿ ॥
tis sayvak kay kaaraj raas.
- that humble servant's affairs are resolved.

ਸੇਵਾ ਕਰਤ ਹੋਇ ਨਿਹਕਾਮੀ ॥
sayvaa karat ho-ay nihkaamee.
One who performs selfless service, without thought of reward,

ਤਿਸ ਕਉ ਹੋਤ ਪਰਾਪਤਿ ਸੁਆਮੀ ॥
tis ka-o hot paraapat su-aamee.
shall attain his Lord and Master.

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
apnee kirpaa jis aap karay-i.
He Himself grants His Grace;

ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥
naanak so sayvak gur kee mat lay-ay. ||2||
O Nanak, that selfless servant lives the Guru's Teachings. ||2||

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥
bees bisvay gur kaa man maanai.
One who obeys the Guru's Teachings one hundred per cent

ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥
so sayvak parmaysur kee gat jaanai.
- that selfless servant comes to know the state of the Transcendent Lord.

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥
so satgur jis ridai har naa-o.
The True Guru's Heart is filled with the Name of the Lord.

ਅਨਿਕ ਬਾਰ ਗੁਰ ਕਉ ਬਲਿ ਜਾਉ ॥
anik baar gur ka-o bal jaa-o.
So many times, I am a sacrifice to the Guru.

ਸਰਬ ਨਿਧਾਨ ਜੀਅ ਕਾ ਦਾਤਾ ॥
sarab niDhaan jee-a kaa daataa.
He is the treasure of everything, the Giver of life.

ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥
aath pahar paarbarahm rang raataa.
Twenty-four hours a day, He is imbued with the Love of the Supreme Lord God.

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥
barahm meh jan jan meh paarbarahm.
The servant is in God, and God is in the servant.

ਏਕਹਿ ਆਪਿ ਨਹੀ ਕਛੁ ਭਰਮੁ ॥
aykeh aap nahee kachh bharam.
He Himself is One - there is no doubt about this.

ਸਹਸ ਸਿਆਨਪ ਲਇਆ ਨ ਜਾਈਐ ॥
sahas si-aanap la-i-aa na jaa-ee-ai.
By thousands of clever tricks, He is not found.

ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥
naanak aisaa gur badbhaagee paa-ee-ai. ||3||
O Nanak, such a Guru is obtained by the greatest good fortune. ||3||

ਸਫਲ ਦਰਸਨੁ ਪੇਖਤ ਪੁਨੀਤ ॥
safal darsan paykhat puneet.
Blessed is His Darshan; receiving it, one is purified.

ਪਰਸਤ ਚਰਨ ਗਤਿ ਨਿਰਮਲ ਰੀਤਿ ॥
parsat charan gat nirmal reet.
Touching His Feet, one's conduct and lifestyle become pure.

ਭੇਟਤ ਸੰਗਿ ਰਾਮ ਗੁਨ ਰਵੇ ॥
bhaytat sang raam gun ravay.
Abiding in His Company, one chants the Lord's Praise,

ਪਾਰਬ੍ਰਹਮ ਕੀ ਦਰਗਹ ਗਵੇ ॥
paarbarahm kee dargeh gavay.
and reaches the Court of the Supreme Lord God.

ਸੁਨਿ ਕਰਿ ਬਚਨ ਕਰਨ ਆਘਾਨੇ ॥
sun kar bachan karan aaghaanay.
Listening to His Teachings, one's ears are satisfied.

ਮਨਿ ਸੰਤੋਖੁ ਆਤਮ ਪਤੀਆਨੇ ॥
man santokh aatam patee-aanay.
The mind is contented, and the soul is fulfilled.

ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥
pooraa gur akh-ya-o jaa kaa mantar.
The Guru is perfect; His Teachings are everlasting.

ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
amrit darisat paykhai ho-ay sant.
Beholding His Ambrosial Glance, one becomes saintly.

ਗੁਣ ਬਿਅੰਤ ਕੀਮਤਿ ਨਹੀ ਪਾਇ ॥
gun bi-ant keemat nahee paa-ay.
Endless are His virtuous qualities; His worth cannot be appraised.

ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥
naanak jis bhaavai tis la-ay milaa-ay. ||4||
O Nanak, one who pleases Him is united with Him. ||4||

ਜਿਹਬਾ ਏਕ ਉਸਤਤਿ ਅਨੇਕ ॥
jihbaa ayk ustat anayk.
The tongue is one, but His Praises are many.

ਸਤਿ ਪੁਰਖ ਪੂਰਨ ਬਿਬੇਕ ॥ ਕਾਹੂ ਬੋਲ ਨ ਪਹੁਚਤ ਪ੍ਰਾਨੀ ॥
sat purakh pooran bibayk. kaahoo bol na pahuchat paraanee.
The True Lord, of perfect perfection - no speech can take the mortal to Him.

ਅਗਮ ਅਗੋਚਰ ਪ੍ਰਭ ਨਿਰਬਾਨੀ ॥
agam agochar parabh nirbaanee.
God is Inaccessible, Incomprehensible, balanced in the state of Nirvaanaa.

ਨਿਰਾਹਾਰ ਨਿਰਵੈਰ ਸੁਖਦਾਈ ॥
niraahaar nirvair sukh-daa-ee.
He is not sustained by food; He has no hatred or vengeance; He is the Giver of peace.

ਤਾ ਕੀ ਕੀਮਤਿ ਕਿਨੈ ਨ ਪਾਈ ॥
taa kee keemat kinai na paa-ee.
No one can estimate His worth.

ਅਨਿਕ ਭਗਤ ਬੰਦਨ ਨਿਤ ਕਰਹਿ ॥
anik bhagat bandan nit karahi.
Countless devotees continually bow in reverence to Him.

ਚਰਨ ਕਮਲ ਹਿਰਦੈ ਸਿਮਰਹਿ ॥
charan kamal hirdai simrahi.
In their hearts, they meditate on His Lotus Feet.

ਸਦ ਬਲਿਹਾਰੀ ਸਤਿਗੁਰ ਅਪਨੇ ॥
sad balihaaree satgur apnay.
Nanak is forever a sacrifice to the True Guru;

ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥
naanak jis parsaad aisaa parabh japnay. ||5||
by His Grace, he meditates on God. ||5||

ਇਹੁ ਹਰਿ ਰਸੁ ਪਾਵੈ ਜਨੁ ਕੋਇ ॥
ih har ras paavai jan ko-ay.
Only a few obtain this ambrosial essence of the Lord's Name.

ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
amrit peevai amar so ho-ay.
Drinking in this Nectar, one becomes immortal.

ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥
us purakh kaa naahee kaday binaas. jaa kai man pargatay guntaas.
That person whose mind is illuminated by the treasure of excellence, never dies.

ਆਠ ਪਹਰ ਹਰਿ ਕਾ ਨਾਮੁ ਲੇਇ ॥
aath pahar har kaa naam lay-ay.
Twenty-four hours a day, he takes the Name of the Lord.

ਸਚੁ ਉਪਦੇਸੁ ਸੇਵਕ ਕਉ ਦੇਇ ॥
sach updays sayvak ka-o day-ay.
The Lord gives true instruction to His servant.

ਮੋਹ ਮਾਇਆ ਕੈ ਸੰਗਿ ਨ ਲੇਪੁ ॥
moh maa-i-aa kai sang na layp.
He is not polluted by emotional attachment to Maya.

ਮਨ ਮਹਿ ਰਾਖੈ ਹਰਿ ਹਰਿ ਏਕੁ ॥
man meh raakhai har har ayk.
In his mind, he cherishes the One Lord, Har, Har.

ਅੰਧਕਾਰ ਦੀਪਕ ਪਰਗਾਸੇ ॥
anDhkaar deepak pargaasay.
In the pitch darkness, a lamp shines forth.

ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥
naanak bharam moh dukh tah tay naasay. ||6||
O Nanak, doubt, emotional attachment and pain are erased. ||6||

ਤਪਤਿ ਮਾਹਿ ਠਾਢਿ ਵਰਤਾਈ ॥
tapat maahi thaadh vartaa-ee.
In the burning heat, a soothing coolness prevails.

ਅਨਦੁ ਭਇਆ ਦੁਖ ਨਾਠੇ ਭਾਈ ॥
anad bha-i-aa dukh naathay bhaa-ee.
Happiness ensues and pain departs, O Siblings of Destiny.

ਜਨਮ ਮਰਨ ਕੇ ਮਿਟੇ ਅੰਦੇਸੇ ॥
janam maran kay mitay andaysay.
The fear of birth and death is dispelled,

ਸਾਧੂ ਕੇ ਪੂਰਨ ਉਪਦੇਸੇ ॥
saaDhoo kay pooran updaysay.
by the perfect Teachings of the Holy Saint.

ਭਉ ਚੂਕਾ ਨਿਰਭਉ ਹੋਇ ਬਸੇ ॥
bha-o chookaa nirbha-o ho-ay basay.
Fear is lifted, and one abides in fearlessness.

ਸਗਲ ਬਿਆਧਿ ਮਨ ਤੇ ਖੈ ਨਸੇ ॥
sagal bi-aaDh man tay khai nasay.
All evils are dispelled from the mind.

ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥
jis kaa saa tin kirpaa Dhaaree.
He takes us into His favor as His own.

ਸਾਧਸੰਗਿ ਜਪਿ ਨਾਮੁ ਮੁਰਾਰੀ ॥
saaDhsang jap naam muraaree.
In the Company of the Holy, chant the Naam, the Name of the Lord.

ਥਿਤਿ ਪਾਈ ਚੂਕੇ ਭ੍ਰਮ ਗਵਨ ॥
thit paa-ee chookay bharam gavan.
Stability is attained; doubt and wandering cease,

ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥
sun naanak har har jas sarvan. ||7||
O Nanak, listening with one's ears to the Praises of the Lord, Har, Har. ||7||

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
nirgun aap sargun bhee ohee.
He Himself is absolute and unrelated; He Himself is also involved and related.

ਕਲਾ ਧਾਰਿ ਜਿਨਿ ਸਗਲੀ ਮੋਹੀ ॥
kalaa Dhaar jin saglee mohee.
Manifesting His power, He fascinates the entire world.

ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥
apnay charit parabh aap banaa-ay.
God Himself sets His play in motion.

ਅਪੁਨੀ ਕੀਮਤਿ ਆਪੇ ਪਾਏ ॥
apunee keemat aapay paa-ay.
Only He Himself can estimate His worth.

ਹਰਿ ਬਿਨੁ ਦੂਜਾ ਨਾਹੀ ਕੋਇ ॥
har bin doojaa naahee ko-ay.
There is none, other than the Lord.

ਸਰਬ ਨਿਰੰਤਰਿ ਏਕੋ ਸੋਇ ॥
sarab nirantar ayko so-ay.
Permeating all, He is the One.

ਓਤਿ ਪੋਤਿ ਰਵਿਆ ਰੂਪ ਰੰਗ ॥
ot pot ravi-aa roop rang.
Through and through, He pervades in form and color.

ਭਏ ਪ੍ਰਗਾਸ ਸਾਧ ਕੈ ਸੰਗ ॥
bha-ay pargaas saaDh kai sang.
He is revealed in the Company of the Holy.

ਰਚਿ ਰਚਨਾ ਅਪਨੀ ਕਲ ਧਾਰੀ ॥
rach rachnaa apnee kal Dhaaree.
Having created the creation, He infuses His own power into it.

ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥
anik baar naanak balihaaree. ||8||18||
So many times, Nanak is a sacrifice to Him. ||8||18||

ਸਲੋਕੁ ॥
salok.
Shalok:

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
saath na chaalai bin bhajan bikhi-aa saglee chhaar.
Nothing shall go along with you, except your devotion. All corruption is like ashes.

ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥
har har naam kamaavanaa naanak ih Dhan saar. ||1||
Practice the Name of the Lord, Har, Har. O Nanak, this is the most excellent wealth. ||1||

ਅਸਟਪਦੀ ॥
asatpadee.
Ashtapadee:

ਸੰਤ ਜਨਾ ਮਿਲਿ ਕਰਹੁ ਬੀਚਾਰੁ ॥
sant janaa mil karahu beechaar.
Joining the Company of the Saints, practice deep meditation.

ਏਕੁ ਸਿਮਰਿ ਨਾਮ ਆਧਾਰੁ ॥
ayk simar naam aaDhaar.
Remember the One, and take the Support of the Naam, the Name of the Lord.

ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥
avar upaav sabh meet bisaarahu.
Forget all other efforts, O my friend

ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥
charan kamal rid meh ur Dhaarahu.
- enshrine the Lord's Lotus Feet within your heart.

ਕਰਨ ਕਾਰਨ ਸੋ ਪ੍ਰਭੁ ਸਮਰਥੁ ॥
karan kaaran so parabh samrath.
God is All-powerful; He is the Cause of causes.

ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥
darirh kar gahhu naam har vath.
Grasp firmly the object of the Lord's Name.

ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥
ih Dhan sanchahu hovhu bhagvant.
Gather this wealth, and become very fortunate.

ਸੰਤ ਜਨਾ ਕਾ ਨਿਰਮਲ ਮੰਤ ॥
sant janaa kaa nirmal mant.
Pure are the instructions of the humble Saints.

ਏਕ ਆਸ ਰਾਖਹੁ ਮਨ ਮਾਹਿ ॥
ayk aas raakho man maahi.
Keep faith in the One Lord within your mind.

ਸਰਬ ਰੋਗ ਨਾਨਕ ਮਿਟਿ ਜਾਹਿ ॥੧॥
sarab rog naanak mit jaahi. ||1||
All disease, O Nanak, shall then be dispelled. ||1||

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥
jis Dhan ka-o chaar kunt uth Dhaaveh.
The wealth which you chase after in the four directions

ਸੋ ਧਨੁ ਹਰਿ ਸੇਵਾ ਤੇ ਪਾਵਹਿ ॥
so Dhan har sayvaa tay paavahi.
- you shall obtain that wealth by serving the Lord.

ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥
jis sukh ka-o nit baachheh meet.
The peace, which you always yearn for, O friend

ਸੋ ਸੁਖੁ ਸਾਧੂ ਸੰਗਿ ਪਰੀਤਿ ॥
so sukh saaDhoo sang pareet.
- that peace comes by the love of the Company of the Holy.

ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥
jis sobhaa ka-o karahi bhalee karnee.
The glory, for which you perform good deeds

ਸਾ ਸੋਭਾ ਭਜੁ ਹਰਿ ਕੀ ਸਰਨੀ ॥
saa sobhaa bhaj har kee sarnee.
- you shall obtain that glory by seeking the Lord's Sanctuary.

ਅਨਿਕ ਉਪਾਵੀ ਰੋਗੁ ਨ ਜਾਇ ॥
anik upaavee rog na jaa-ay.
All sorts of remedies have not cured the disease

ਰੋਗੁ ਮਿਟੈ ਹਰਿ ਅਵਖਧੁ ਲਾਇ ॥
rog mitai har avkhaDh laa-ay.
- the disease is cured only by giving the medicine of the Lord's Name.

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥
sarab niDhaan meh har naam niDhaan.
Of all treasures, the Lord's Name is the supreme treasure.

ਜਪਿ ਨਾਨਕ ਦਰਗਹਿ ਪਰਵਾਨੁ ॥੨॥
jap naanak dargahi parvaan. ||2||
Chant it, O Nanak, and be accepted in the Court of the Lord. ||2||

ਮਨੁ ਪਰਬੋਧਹੁ ਹਰਿ ਕੈ ਨਾਇ ॥
man parboDhahu har kai naa-ay.
Enlighten your mind with the Name of the Lord.

ਦਹ ਦਿਸਿ ਧਾਵਤ ਆਵੈ ਠਾਇ ॥
dah dis Dhaavat aavai thaa-ay.
Having wandered around in the ten directions, it comes to its place of rest.

ਤਾ ਕਉ ਬਿਘਨੁ ਨ ਲਾਗੈ ਕੋਇ ॥
taa ka-o bighan na laagai ko-ay.
No obstacle stands in the way of one

ਜਾ ਕੈ ਰਿਦੈ ਬਸੈ ਹਰਿ ਸੋਇ ॥
jaa kai ridai basai har so-ay.
whose heart is filled with the Lord.

ਕਲਿ ਤਾਤੀ ਠਾਂਢਾ ਹਰਿ ਨਾਉ ॥
kal taatee thaa^{N}dhaa har naa-o.
The Dark Age of Kali Yuga is so hot; the Lord's Name is soothing and cool.

ਸਿਮਰਿ ਸਿਮਰਿ ਸਦਾ ਸੁਖ ਪਾਉ ॥
simar simar sadaa sukh paa-o.
Remember, remember it in meditation, and obtain everlasting peace.

ਭਉ ਬਿਨਸੈ ਪੂਰਨ ਹੋਇ ਆਸ ॥
bha-o binsai pooran ho-ay aas.
Your fear shall be dispelled, and your hopes shall be fulfilled.

ਭਗਤਿ ਭਾਇ ਆਤਮ ਪਰਗਾਸ ॥
bhagat bhaa-ay aatam pargaas.
By devotional worship and loving adoration, your soul shall be enlightened.

ਤਿਤੁ ਘਰਿ ਜਾਇ ਬਸੈ ਅਬਿਨਾਸੀ ॥
tit ghar jaa-ay basai abhinaasee.
You shall go to that home, and live forever.

ਕਹੁ ਨਾਨਕ ਕਾਟੀ ਜਮ ਫਾਸੀ ॥੩॥
kaho naanak kaatee jam faasee. ||3||
Says Nanak, the noose of death is cut away. ||3||

ਤਤੁ ਬੀਚਾਰੁ ਕਹੈ ਜਨੁ ਸਾਚਾ ॥
tat beechaar kahai jan saachaa.
One who contemplates the essence of reality, is said to be the true person.

ਜਨਮਿ ਮਰੈ ਸੋ ਕਾਚੋ ਕਾਚਾ ॥
janam marai so kaacho kaachaa.
Birth and death are the lot of the false and the insincere.

ਆਵਾ ਗਵਨੁ ਮਿਟੈ ਪ੍ਰਭ ਸੇਵ ॥
aavaa gavan mitai parabh sayv.
Coming and going in reincarnation is ended by serving God.

ਆਪੁ ਤਿਆਗਿ ਸਰਨਿ ਗੁਰਦੇਵ ॥
aap ti-aag saran gurdayv.
Give up your selfishness and conceit, and seek the Sanctuary of the Divine Guru.

ਇਉ ਰਤਨ ਜਨਮ ਕਾ ਹੋਇ ਉਧਾਰੁ ॥
i-o ratan janam kaa ho-ay uDhaar.
Thus the jewel of this human life is saved.

ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥
har har simar paraan aaDhaar.
Remember the Lord, Har, Har, the Support of the breath of life.

ਅਨਿਕ ਉਪਾਵ ਨ ਛੂਟਨਹਾਰੇ ॥
anik upaav na chhootanhaaray.
By all sorts of efforts, people are not saved

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥
simrit saasat bayd beechaaray.
- not by studying the Simritees, the Shaastras or the Vedas.

ਹਰਿ ਕੀ ਭਗਤਿ ਕਰਹੁ ਮਨੁ ਲਾਇ ॥
har kee bhagat karahu man laa-ay.
Worship the Lord with whole-hearted devotion.

ਮਨਿ ਬੰਛਤ ਨਾਨਕ ਫਲ ਪਾਇ ॥੪॥
man banchhat naanak fal paa-ay. ||4||
O Nanak, you shall obtain the fruits of your mind's desire. ||4||

ਸੰਗਿ ਨ ਚਾਲਸਿ ਤੇਰੈ ਧਨਾ ॥
sang na chaalas tayrai Dhanaa.
Your wealth shall not go with you;

ਤੂੰ ਕਿਆ ਲਪਟਾਵਹਿ ਮੂਰਖ ਮਨਾ ॥
too^{N} ki-aa laptaavahi moorakh manaa.
why do you cling to it, you fool?

ਸੁਤ ਮੀਤ ਕੁਟੰਬ ਅਰੁ ਬਨਿਤਾ ॥
sut meet kutamb ar banitaa.
Children, friends, family and spouse

ਇਨ ਤੇ ਕਹਹੁ ਤੁਮ ਕਵਨ ਸਨਾਥਾ ॥
in tay kahhu tum kavan sanaathaa.
- who of these shall accompany you?

ਰਾਜ ਰੰਗ ਮਾਇਆ ਬਿਸਥਾਰ ॥
raaj rang maa-i-aa bisthaar.
Power, pleasure, and the vast expanse of Maya

ਇਨ ਤੇ ਕਹਹੁ ਕਵਨ ਛੁਟਕਾਰ ॥
in tay kahhu kavan chhutkaar.
- who has ever escaped from these?

ਅਸੁ ਹਸਤੀ ਰਥ ਅਸਵਾਰੀ ॥
as hastee rath asvaaree.
Horses, elephants, chariots and pageantry

ਝੂਠਾ ਡੰਫੁ ਝੂਠੁ ਪਾਸਾਰੀ ॥
jhoothaa damf jhooth paasaaree.
- false shows and false displays.

ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥
jin dee-ay tis bujhai na bigaanaa.
The fool does not acknowledge the One who gave this;

ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥
naam bisaar naanak pachhutaanaa. ||5||
forgetting the Naam, O Nanak, he will repent in the end. ||5||

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
gur kee mat too^{N} layhi i-aanay.
Take the Guru's advice, you ignorant fool;

ਭਗਤਿ ਬਿਨਾ ਬਹੁ ਡੂਬੇ ਸਿਆਨੇ ॥
bhagat binaa baho doobay si-aanay.
without devotion, even the clever have drowned.

ਹਰਿ ਕੀ ਭਗਤਿ ਕਰਹੁ ਮਨ ਮੀਤ ॥
har kee bhagat karahu man meet.
Worship the Lord with heart-felt devotion, my friend;

ਨਿਰਮਲ ਹੋਇ ਤੁਮ੍ਹਾਰੋ ਚੀਤ ॥
nirmal ho-ay tum^{H}aaro cheet.
your consciousness shall become pure.

ਚਰਨ ਕਮਲ ਰਾਖਹੁ ਮਨ ਮਾਹਿ ॥
charan kamal raakho man maahi.
Enshrine the Lord's Lotus Feet in your mind;

ਜਨਮ ਜਨਮ ਕੇ ਕਿਲਬਿਖ ਜਾਹਿ ॥
janam janam kay kilbikh jaahi.
the sins of countless lifetimes shall depart.

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
aap japahu avraa naam japaavhu.
Chant the Naam yourself, and inspire others to chant it as well.

ਸੁਨਤ ਕਹਤ ਰਹਤ ਗਤਿ ਪਾਵਹੁ ॥
sunat kahat rahat gat paavhu.
Hearing, speaking and living it, emancipation is obtained.

ਸਾਰ ਭੂਤ ਸਤਿ ਹਰਿ ਕੋ ਨਾਉ ॥
saar bhoot sat har ko naa-o.
The essential reality is the True Name of the Lord.

ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥
sahj subhaa-ay naanak gun gaa-o. ||6||
With intuitive ease, O Nanak, sing His Glorious Praises. ||6||

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
gun gaavat tayree utras mail.
Chanting His Glories, your filth shall be washed off.

ਬਿਨਸਿ ਜਾਇ ਹਉਮੈ ਬਿਖੁ ਫੈਲੁ ॥
binas jaa-ay ha-umai bikh fail.
The all-consuming poison of ego will be gone.

ਹੋਹਿ ਅਚਿੰਤੁ ਬਸੈ ਸੁਖ ਨਾਲਿ ॥
hohi achint basai sukh naal.
You shall become carefree, and you shall dwell in peace.

ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥
saas garaas har naam samaal.
With every breath and every morsel of food, cherish the Lord's Name.

ਛਾਡਿ ਸਿਆਨਪ ਸਗਲੀ ਮਨਾ ॥
chhaad si-aanap saglee manaa.
Renounce all clever tricks, O mind.

ਸਾਧਸੰਗਿ ਪਾਵਹਿ ਸਚੁ ਧਨਾ ॥
saaDhsang paavahi sach Dhanaa.
In the Company of the Holy, you shall obtain the true wealth.

ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥
har poonjee sanch karahu bi-uhaar.
So gather the Lord's Name as your capital, and trade in it.

ਈਹਾ ਸੁਖੁ ਦਰਗਹ ਜੈਕਾਰੁ ॥
eehaa sukh dargeh jaikaar.
In this world you shall be at peace, and in the Court of the Lord, you shall be acclaimed.

ਸਰਬ ਨਿਰੰਤਰਿ ਏਕੋ ਦੇਖੁ ॥
sarab nirantar ayko daykh.
See the One permeating all;

ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥
kaho naanak jaa kai mastak laykh. ||7||
says Nanak, your destiny is pre-ordained. ||7||

ਏਕੋ ਜਪਿ ਏਕੋ ਸਾਲਾਹਿ ॥
ayko jap ayko saalaahi.
Meditate on the One, and worship the One.

ਏਕੁ ਸਿਮਰਿ ਏਕੋ ਮਨ ਆਹਿ ॥
ayk simar ayko man aahi.
Remember the One, and yearn for the One in your mind.

ਏਕਸ ਕੇ ਗੁਨ ਗਾਉ ਅਨੰਤ ॥
aykas kay gun gaa-o anant.
Sing the endless Glorious Praises of the One.

ਮਨਿ ਤਨਿ ਜਾਪਿ ਏਕ ਭਗਵੰਤ ॥
man tan jaap ayk bhagvant.
With mind and body, meditate on the One Lord God.

ਏਕੋ ਏਕੁ ਏਕੁ ਹਰਿ ਆਪਿ ॥
ayko ayk ayk har aap.
The One Lord Himself is the One and Only.

ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
pooran poor rahi-o parabh bi-aap.
The Pervading Lord God is totally permeating all.

ਅਨਿਕ ਬਿਸਥਾਰ ਏਕ ਤੇ ਭਏ ॥
anik bisthaar ayk tay bha-ay.
The many expanses of the creation have all come from the One.

ਏਕੁ ਅਰਾਧਿ ਪਰਾਛਤ ਗਏ ॥
ayk araaDh paraachhat ga-ay.
Adoring the One, past sins are removed.

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
man tan antar ayk parabh raataa.
Mind and body within are imbued with the One God.

ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥
gur parsaad naanak ik jaataa. ||8||19||
By Guru's Grace, O Nanak, the One is known. ||8||19||

ਸਲੋਕੁ ॥
salok.
Shalok:

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
firat firat parabh aa-i-aa pari-aa ta-o sarnaa-ay.
After wandering and wandering, O God, I have come, and entered Your Sanctuary.

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥
naanak kee parabh bayntee apnee bhagtee laa-ay. ||1||
This is Nanak's prayer, O God: please, attach me to Your devotional service. ||1||

ਅਸਟਪਦੀ ॥
asatpadee.
Ashtapadee:

ਜਾਚਕ ਜਨੁ ਜਾਚੈ ਪ੍ਰਭ ਦਾਨੁ ॥
jaachak jan jaachai parabh daan.
I am a beggar; I beg for this gift from You:

ਕਰਿ ਕਿਰਪਾ ਦੇਵਹੁ ਹਰਿ ਨਾਮੁ ॥
kar kirpaa dayvhu har naam.
please, by Your Mercy, Lord, give me Your Name.

ਸਾਧ ਜਨਾ ਕੀ ਮਾਗਉ ਧੂਰਿ ॥
saaDh janaa kee maaga-o Dhoor.
I ask for the dust of the feet of the Holy.

ਪਾਰਬ੍ਰਹਮ ਮੇਰੀ ਸਰਧਾ ਪੂਰਿ ॥
paarbarahm mayree sarDhaa poor.
O Supreme Lord God, please fulfill my yearning;

ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
sadaa sadaa parabh kay gun gaava-o.
may I sing the Glorious Praises of God forever and ever.

ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
saas saas parabh tumeh Dhi-aava-o.
With each and every breath, may I meditate on You, O God.

ਚਰਨ ਕਮਲ ਸਿਉ ਲਾਗੈ ਪ੍ਰੀਤਿ ॥
charan kamal si-o laagai pareet.
May I enshrine affection for Your Lotus Feet.

ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥
bhagat kara-o parabh kee nit neet.
May I perform devotional worship to God each and every day.

ਏਕ ਓਟ ਏਕੋ ਆਧਾਰੁ ॥
ayk ot ayko aaDhaar.
You are my only Shelter, my only Support.

ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥
naanak maagai naam parabh saar. ||1||
Nanak asks for the most sublime, the Naam, the Name of God. ||1||

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥
parabh kee darisat mahaa sukh ho-ay.
By God's Gracious Glance, there is great peace.

ਹਰਿ ਰਸੁ ਪਾਵੈ ਬਿਰਲਾ ਕੋਇ ॥
har ras paavai birlaa ko-ay.
Rare are those who obtain the juice of the Lord's essence.

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥
jin chaakhi-aa say jan tariptaanay.
Those who taste it are satisfied.

ਪੂਰਨ ਪੁਰਖ ਨਹੀ ਡੋਲਾਨੇ ॥
pooran purakh nahee dolaanay.
They are fulfilled and realized beings - they do not waver.

ਸੁਭਰ ਭਰੇ ਪ੍ਰੇਮ ਰਸ ਰੰਗਿ ॥
subhar bharay paraym ras rang.
They are totally filled to over-flowing with the sweet delight of His Love.

ਉਪਜੈ ਚਾਉ ਸਾਧ ਕੈ ਸੰਗਿ ॥
upjai chaa-o saaDh kai sang.
Spiritual delight wells up within, in the Saadh Sangat, the Company of the Holy.

ਪਰੇ ਸਰਨਿ ਆਨ ਸਭ ਤਿਆਗਿ ॥
paray saran aan sabh ti-aag.
Taking to His Sanctuary, they forsake all others.

ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥
antar pargaas an-din liv laag.
Deep within, they are enlightened, and they center themselves on Him, day and night.

ਬਡਭਾਗੀ ਜਪਿਆ ਪ੍ਰਭੁ ਸੋਇ ॥
badbhaagee japi-aa parabh so-ay.
Most fortunate are those who meditate on God.

ਨਾਨਕ ਨਾਮਿ ਰਤੇ ਸੁਖੁ ਹੋਇ ॥੨॥
naanak naam ratay sukh ho-ay. ||2||
O Nanak, attuned to the Naam, they are at peace. ||2||

ਸੇਵਕ ਕੀ ਮਨਸਾ ਪੂਰੀ ਭਈ ॥
sayvak kee mansaa pooree bha-ee.
The wishes of the Lord's servant are fulfilled.

ਸਤਿਗੁਰ ਤੇ ਨਿਰਮਲ ਮਤਿ ਲਈ ॥
satgur tay nirmal mat la-ee.
From the True Guru, the pure teachings are obtained.

ਜਨ ਕਉ ਪ੍ਰਭੁ ਹੋਇਓ ਦਇਆਲੁ ॥
jan ka-o parabh ho-i-o da-i-aal.
Unto His humble servant, God has shown His kindness.

ਸੇਵਕੁ ਕੀਨੋ ਸਦਾ ਨਿਹਾਲੁ ॥
sayvak keeno sadaa nihaal.
He has made His servant eternally happy.

ਬੰਧਨ ਕਾਟਿ ਮੁਕਤਿ ਜਨੁ ਭਇਆ ॥
banDhan kaat mukat jan bha-i-aa.
The bonds of His humble servant are cut away, and he is liberated.

ਜਨਮ ਮਰਨ ਦੂਖੁ ਭ੍ਰਮੁ ਗਇਆ ॥
janam maran dookh bharam ga-i-aa.
The pains of birth and death, and doubt are gone.

ਇਛ ਪੁਨੀ ਸਰਧਾ ਸਭ ਪੂਰੀ ॥
ichh punee sarDhaa sabh pooree.
Desires are satisfied, and faith is fully rewarded,

ਰਵਿ ਰਹਿਆ ਸਦ ਸੰਗਿ ਹਜੂਰੀ ॥
rav rahi-aa sad sang hajooree.
imbued forever with His all-pervading peace.

ਜਿਸ ਕਾ ਸਾ ਤਿਨਿ ਲੀਆ ਮਿਲਾਇ ॥
jis kaa saa tin lee-aa milaa-ay.
He is His - he merges in Union with Him.

ਨਾਨਕ ਭਗਤੀ ਨਾਮਿ ਸਮਾਇ ॥੩॥
naanak bhagtee naam samaa-ay. ||3||
Nanak is absorbed in devotional worship of the Naam. ||3||

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥
so ki-o bisrai je ghaal na bhaanai.
Why forget Him, who does not overlook our efforts?

ਸੋ ਕਿਉ ਬਿਸਰੈ ਜਿ ਕੀਆ ਜਾਨੈ ॥
so ki-o bisrai je kee-aa jaanai.
Why forget Him, who acknowledges what we do?

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
so ki-o bisrai jin sabh kichh dee-aa.
Why forget Him, who has given us everything?

ਸੋ ਕਿਉ ਬਿਸਰੈ ਜਿ ਜੀਵਨ ਜੀਆ ॥
so ki-o bisrai je jeevan jee-aa.
Why forget Him, who is the Life of the living beings?

ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥
so ki-o bisrai je agan meh raakhai.
Why forget Him, who preserves us in the fire of the womb?

ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥
gur parsaad ko birlaa laakhai.
By Guru's Grace, rare is the one who realizes this.

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥
so ki-o bisrai je bikh tay kaadhai.
Why forget Him, who lifts us up out of corruption?

ਜਨਮ ਜਨਮ ਕਾ ਟੂਟਾ ਗਾਢੈ ॥
janam janam kaa tootaa gaadhai.
Those separated from Him for countless lifetimes, are re-united with Him once again.

ਗੁਰਿ ਪੂਰੈ ਤਤੁ ਇਹੈ ਬੁਝਾਇਆ ॥
gur poorai tat ihai bujhaa-i-aa.
Through the Perfect Guru, this essential reality is understood.

ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥
parabh apnaa naanak jan Dhi-aa-i-aa. ||4||
